ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ।

(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1.ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ.228001./ DPISE-CORD0GENL/125/2021-COORDINATION-DPISE/2021285358
ਮਿਤੀ 23-08-2021

ਵਿਸ਼ਾ: ਸਪੋਰਟਸ ਗਰੇਡੇਸ਼ਨ ਸਰਟੀਫਿਕੇਟ ਜਾਰੀ ਕਰਨ ਬਾਰੇ,ਪੰਜਾਬ ਦੇ ਟੈਕਨੀਕਲ ਖਿਡਾਰੀ/ਖਿਡਾਰਨਾ ਨੂੰ ਟੈਕਨੀਕਲ/ਮੈਡੀਕਲ ਸੰਸਥਾਂਵਾ ਵਿਚ ਦਾਖਲਾ ਦੇਣ ਅਤੇ ਰਾਜ ਦੇ ਵਿਭਾਗਾਂ/ਅਦਾਰਿਆਂ ਵਿਚ ਨੌਕਰੀਆਂ ਦੇਣ ਲਈ ਰਾਂਖਵਾਕਰਨ ਦੇਣ ਬਾਰੇ।

ਹਵਾਲਾ: ਪੰਜਾਬ ਸਰਕਾਰ,ਖੇਡਾਂ ਤੇ ਯੁਵਕ ਸੇਵਾਂਵਾ ਵਿਭਾਗ (ਖੇਡਾਂ ਤੇ ਯੁਵਕ ਸੇਵਾਂਵਾ ਸ਼ਾਖਾ) ਦਾ ਪੱਤਰ ਨੰ 47/26/83-1ਸਸ/456 ਮਿਤੀ 20-7-2021

ਉਪਰੋਕਤ ਵਿਸ਼ਾ ਅੰਕਿਤ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

23.08.2021

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ( ਕੋਆਰਡੀਨੇਸ਼ਨ)

ਪਿੱ.ਅੰ.ਨੰ. ਉਕਤ/2021285359-362 ਮਿਤੀ 23-08-2021

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੱਕਤਰ , ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ।
2. ਡਾਇਰੈਕਟਰ, ਐਸ.ਸੀ.ਈ.ਆਰ.ਟੀ ।
3. ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ) ਅਤੇ ਰਜਿਸਟਰਾਰ ਸਿੱਖਿਆ ਵਿਭਾਗ।
4. ਪੀ. ਏ/ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ) ਪੰਜਾਬ।
5. ਪੀ. ਏ/ਡੀ.ਜੀ.ਐਸ.ਈ ਪੰਜਾਬ।

23.08.2021

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ( ਕੋਆਰਡੀਨੇਸ਼ਨ)

860231/2021/RECORD-DPISE

ਨੰ:47/26/83-1ਸਸ/456

ਪੰਜਾਬ ਸਰਕਾਰ

ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ

(ਖੇਡਾਂ ਤੇ ਯੁਵਕ ਸੇਵਾਵਾਂ ਸ਼ਾਖਾ)

2-8-21
837

ਵਲੋਂ

ਸਮੂਹ ਵਿਭਾਗਾਂ ਦੇ ਮੁੱਖੀ ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜਨਾਂ ਦੇ ਕਮਿਸਨਰ/ਡਿਪਟੀ ਕਮਿਸਨਰ
ਅਤੇ ਸਬ ਡਵੀਜਨਲ ਅਫਸਰ (ਸਿਵਲ) ।

ਮਿਤੀ, ਚੰਡੀਗੜ੍ਹ 20-07-2021

ਵਿਸਾ ਸਪੋਰਟਸ ਗਰੇਡੇਸ਼ਨ ਸਰਟੀਫਿਕੇਟ ਜਾਰੀ ਕਰਨ ਬਾਰੇ ਪੰਜਾਬ ਦੇ ਖਿਡਾਰੀ/ ਖਿਡਾਰਨਾਂ ਨੂੰ ਟੈਕਨੀਕਲ /ਮੈਡੀਕਲ ਸੰਸਥਾਵਾਂ ਵਿਚ ਦਾਖਲਾ ਦੇਣ ਅਤੇ ਰਾਜ ਸਰਕਾਰ ਦੇ ਵਿਭਾਗਾਂ /ਅਦਾਰਿਆਂ ਵਿੱਚ ਨੌਕਰੀਆਂ ਦੇਣ ਲਈ ਰਾਖਵਾਂਕਰਨ ਦੇਣ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਨਾਲ ਸਬੰਧਿਤ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੰ:47/26/83 5ਐਜੂ(5)1999, ਮਿਤੀ 4.8.1992, ਨੰ:47/26/83 71 ਬੀ/2238, ਮਿਤੀ 14.5.83 1ਸਸ/2036, ਮਿਤੀ 10.12.97, ਨੰ:47/26/83 1ਸਸ/1457, ਮਿਤੀ 18.8.2008, ਨੂੰ ਧਿਆਨ ਨਾਲ ਵਾਚਣ ਉਪਰੰਤ ਸਰਕਾਰ ਵੱਲੋਂ ਨੈਸ਼ਨਲ ਸਕੂਲ ਗੇਮਜ਼ ਦੇ ਨਾਲ-ਨਾਲ ਨੈਸ਼ਨਲ ਗੇਮਜ਼/ਓਪਨ ਨੈਸ਼ਨਲ ਚੈਂਪੀਅਨਸ਼ਿਪ (ਜੂਨੀਅਰ/ਸੀਨੀਅਰ) ਵਿੱਚ ਚੰਡੀਗੜ੍ਹ ਦੀ ਪ੍ਰਤੀਨਿਧਤਾ ਕਰਦੇ ਹੋਏ ਮੈਡਲ ਪ੍ਰਾਪਤ ਕਰਨ ਅਤੇ ਅੰਤਰ ਰਾਸ਼ਟਰੀ ਪ੍ਰਤੀਯੋਗਤਾਵਾਂ ਵਿੱਚ ਮੈਡਲ/ਭਾਗ ਲੈਣ ਵਜੋਂ ਚੰਡੀਗੜ੍ਹ ਪ੍ਰਸ਼ਾਸ਼ਨ ਵੱਲੋਂ ਜਾਰੀ ਸਪੋਰਟਸ ਗਰੇਡੇਸ਼ਨ ਸਰਟੀਫਿਕੇਟ ਨੂੰ ਪ੍ਰਤੀ ਹਸਤਾਖਰ ਕੀਤਾ ਜਾਵੇਗਾ, ਜਿਹਨਾਂ ਖਿਡਾਰੀਆਂ ਦੇ ਮਾਤਾ/ਪਿਤਾ ਪੰਜਾਬ ਰਾਜ ਦੇ ਵਸਨੀਕ ਹੋਣ ਅਤੇ ਪੰਜਾਬ ਰਾਜ ਦੇ ਸਰਕਾਰੀ ਅਦਾਰੇ ਵਿੱਚ ਨੌਕਰੀ ਕਰਦੇ ਹੋਣ ਅਤੇ ਚੰਡੀਗੜ੍ਹ ਵਿਖੇ ਤੈਨਾਤ ਹੋਣ। ਉਨ੍ਹਾਂ ਖਿਡਾਰੀਆਂ/ਖਿਡਾਰਨਾਂ ਨੂੰ ਵੀ ਸਪੋਰਟਸ ਗਰੇਡੇਸਨ ਪਾਲਿਸੀ ਵਿਚ ਸਾਮਲ ਕਰਨ ਦਾ ਫੈਸਲਾ ਕੀਤਾ ਹੈ।

2 ਉਪਰੋਕਤ ਪੈਰ੍ਹਾ ਸਰਕਾਰ ਵਲੋਂ ਨੰ:47/26/83 1ਸਸ, ਮਿਤੀ 10.12.97 ਰਾਹੀਂ ਕੀਤੀ ਸਪੋਰਟਸ ਗਰੇਡੇਸਨ ਪਾਲਿਸੀ ਦੇ ਪੈਰ੍ਹਾ 4ਸਬ ਪੈਰ੍ਹਾ 2(ੲ) ਵਿਚ ਚੰਡੀਗੜ੍ਹ ਪ੍ਰਸਾਸਨ ਵਲੋਂ ਜਾਰੀ ਕੀਤੇ ਸਪੋਰਟਸ ਗਰੇਡੇਸ਼ਨ ਸਰਟੀਫਿਕੇਟ ਨੂੰ ਪ੍ਰਤੀ ਹਸਤਾਖਰ ਕਰਨ ਦੇ ਮੰਤਵ ਲਈ ਅਡੀਸਨ ਪੜ੍ਹੀ ਜਾਵੇ ।

3 ਇਸ ਸਬੰਧ ਵਿਚ ਹੋਰ ਸਾਰੀਆਂ ਹਦਾਇਤਾਂ/ਸਰਤਾਂ ਅਤੇ ਯੋਗਤਾਵਾਂ ਜੋ ਸਪੋਰਟਸ ਗਰੇਡੇਸਨ ਪਾਲਿਸੀ ਮਿਤੀ 10.12.1997 ਵਿਚ ਦਰਜ ਹਨ, ਲਾਗੂ ਰਹਿਣਗੀਆਂ ।

ਸਹੀ/-
(ਰਾਜ ਕਮਲ ਚੌਧਰੀ)
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ

ਉਪਰੋਕਤ ਦਾ ਉਤਾਰਾ ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਵਿਸ਼ੇਸ਼ ਸਕੱਤਰ,

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਅੰ.ਵਿ.ਪ.ਨੰ:47/26/83-1ਸਸ/457 ਮਿਤੀ, ਚੰਡੀਗੜ੍ਹ: 20-07-20